**ਪ੍ਰ7. ਹੇਠ ਲਿਖੀ ਵਾਰਤਾਲਾਪ ਨੂੰ ਸਹੀ ਵਿਸ਼ਰਾਮ ਲਗਾ ਕੇ ਲਿਖੋ:** (3)

ਕੀ ਤੁਸੀਂ ਵਿਦੇਸ਼ ਗਏ ਸੀ ਰਮਨ ਨੇ ਪੁੱਛਿਆ ਤੈਨੂੰ ਕਿਸਨੇ ਕਿਹਾ ਹੈ ਮਨਿੰਦਰ ਬੋਲਿਆ

**ਪ੍ਰ8. ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ:** (3)

ੳ) ਉਸਨੇ ਅਨੇਕ ਪੁਸਤਕਾਂ ਪੜ੍ਹੀਆਂ।

ਅ) ਕੁੜੀਆਂ ਤੇ ਮੁੰਡਿਆਂ ਨੇ ਮਿੱਲ ਕੇ ਗੀਤ ਗਾਈ।

ੲ) ਕਿਸਾਨ ਬਹੁਤ ਗਰੀਬੀ ਸੀ।

**ਪ੍ਰ10. ਹੇਠਾਂ ਲਿਖੀਆਂ ਕਾਵਿ ਸਤਰਾਂ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ।** (10)

ਭਟਕਣ ਛੱਡ, ਲਟਕ ਲਾ ਇਕੋ
ਖੀਵੀ ਹੋ ਸੁਖ ਮਾਣੀ,
ਹੋਸ਼ਾ ਨਾਲੋਂ ਮਸਤੀ ਚੰਗੀ
ਰਖਦੀ ਸਦਾ ਟਿਕਾਣੇ।

ੳ) ਉਪਰੋਕਤ ਸਤਰਾਂ ਕਿਹੜੀ ਕਵਿਤਾ ਵਿੱਚੋਂ ਹਨ? ਕਵੀ ਦਾ ਨਾਂ ਵੀ ਲਿਖੋ।

ਅ) ਹੋਸ਼ ਵਿੱਚ ਮਨੁੱਖ ਕੀ ਲੱਭਦਾ ਹੈ?

ੲ) ਕਾਵਿ-ਸਤਰਾਂ ਦਾ ਸਮੁੱਚਾ ਭਾਵ ਲਿਖੋ।

ਸ) ਉਪਰੋਕਤ ਸਤਰਾਂ ਦਾ ਭਾਵ ਕੀ ਹੈ?

**ਪ੍ਰ11. ਹੇਠਾਂ ਲਿਖੀਆਂ ਕਾਵਿ-ਸਤਰਾਂ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸੰਗ ਸਹਿਤ ਵਿਆਖਿਆ ਕਰੋ:** (5)

ਥਾਈਂ ਥਾਈਂ ਖੇਡਾਂ ਤੇ ਪੰਘੂੜੇ ਆਏ ਨੇ,
ਜੋਗੀਆਂ ਮਦਾਰੀਆਂ ਤਮਾਸ਼ੇ ਲਾਏ ਨੇ।
ਵੰਝਲੀ, ਲੰਗੋਜਾ, ਕਾਂਟੋ, ਤੂੰਬਾ ਵੱਜਦੇ,
ਛਿੰਝ ਵਿੱਚ ਸੂਰੇ ਪਹਿਲਵਾਨ ਗੱਜਦੇ।

**ਪ੍ਰ12. ਹੇਠਾਂ ਲਿਖੀਆਂ ਕਥਾ-ਅੰਸ਼ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ।** (5)

ਅਨਪੜ੍ਹ ਬੰਦਾ ਤਾਂ ਨਿਰਾ ਢੋਰ ਹੁੰਦਾ ਹੈ ਉਸਨੂੰ ਜ਼ਮਾਨੇ ਦੀ ਸੂਝ ਹੀ ਨਹੀਂ ਆ ਸਕਦੀ।

ੳ) ਉਪਰੋਕਤ ਟੂਕਾਂ ਵਿਚਲੇ ਵਿਚਾਰ ਕਿਸਨੇ ਤੇ ਕਿਉਂ ਪ੍ਰਗਟਾਏ?

ਅ) ਵਿੱਦਿਆ ਦੇ ਕੀ-ਕੀ ਲਾਭ ਹਨ? ਆਪਣੇ ਵਿਚਾਰ 40-50 ਸ਼ਬਦਾਂ ਵਿੱਚ ਪ੍ਰਗਟਾਓ।

ੲ) ਢੋਰ ਸ਼ਬਦ ਦੇ ਕੀ ਅਰਥ ਹਨ?

**ਪ੍ਰ12.** ਕਹਾਣੀ 'ਸਵੇਰ ਹੋਣ ਤੱਕ' ਵਿੱਚ ਪ੍ਰਸਤੁਤ ਪਾਤਰ ਚੰਨਣ ਦਾ ਸੁਭਾਅ ਆਪਣੇ ਸ਼ਬਦਾਂ ਵਿੱਚ ਲਿਖੋ। (5)

**ਜਾਂ**

'ਸੂਲੀ ਤੇ ਲਟਕਦੇ ਪਲ' ਦੀ ਪ੍ਰਮੁੱਖ ਪਾਤਰ ਕਰੁਣਾ ਦਾ ਸੁਭਾਅ ਆਪਣੇ ਸ਼ਬਦਾਂ ਵਿੱਚ ਲਿਖੋ।

**ਪ੍ਰ13.** ਗੁਆਚਿਆ ਮੁੰਡਾ ਨਾਵਲ ਦੇ ਪ੍ਰਮੁੱਖ ਪਾਤਰ ਘੋਗੇ ਦਾ ਸੁਭਾਅ ਆਪਣੇ ਸ਼ਬਦਾਂ ਵਿੱਚ ਲਿਖੋ। (10)

**ਪ੍ਰ14.** ਪੰਜਾਬੀ ਸੂਫੀ ਕਾਵਿ ਬਾਰੇ ਤੁਸੀਂ ਕੀ ਜਾਣਦੇ ਹੋ? (10)

**ਜਾਂ**

ਗੁਰਮਤਿ ਕਾਵਿ ਬਾਰੇ ਜਾਣਕਾਰੀ ਦਿਉ।

**ਪ੍ਰ15.** ਕਦਰਾਂ ਕੀਮਤਾਂ ਤੇ ਅਧਾਰਤ ਪ੍ਰਸ਼ਨ

ਮਿਸ-ਸੌਫਟ ਆਪਣੀਆਂ ਸਮੱਸਿਆਵਾਂ ਨੂੰ ਕਿਵੇਂ ਹੱਲ ਕਰਦੀ ਹੈ? ਕੋਈ ਇਕ ਉਦਾਹਰਣ ਦਿਓ। (5)

# First Term Examination (26 September 2017)

**Class - XII**

**Paper - Punjabi**

**Set - A**

**Time: 3 hrs.** **MM: 100**

**ਪ੍ਰ1. ਹੇਠਾਂ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਲਿਖੋ:** **(10)**

ਜੁੱਗਾਂ-ਜੁੱਗਾਂ ਵਿੱਚ ਸੰਤ-ਮਹਾਤਮਾਵਾਂ ਨੇ ਹੋਕਾ ਦਿੱਤਾ ਹੈ ਕਿ ਪਰਮਾਤਮਾ ਦਇਆ ਦਾ ਸਾਗਰ ਹੈ। ਪਰਮਾਤਮਾ ਦੀ ਦਿਆਲਤਾ ਦਾ ਕੋਈ ਪਾਰਾਵਾਰ ਨਹੀਂ। ਇਨਸਾਨ ਨੇ ਮੰਗ ਮੰਗ ਕੇ ਥੱਕ ਜਾਣਾ ਹੈ, ਪਰ ਉਸਨੇ ਦਿੰਦੇ ਹੋਏ ਨਹੀਂ ਥੱਕਣਾ।ਉਸਦੇ ਭੰਡਾਰ ਅਖੁੱਟ ਹਨ। ਕੋਈ ਅਜਿਹੀ ਵਸਤੂ ਨਹੀਂ ਜਿਹੜੀ ਉਸਦੇ ਭੰਡਾਰ ਵਿੱਚੋਂ ਨਾ ਮਿਲ ਸਕੇ। ਫਿਰ ਵੀ ਦੁਨੀਆਂ ਵਿੱਚ ਕੋਈ ਜੀਵ ਅਜਿਹਾ ਨਹੀਂ ਜਿਸ ਦੀਆਂ ਸਾਰੀਆਂ ਖਾਹਿਸ਼ਾਂ ਪੂਰੀਆ ਹੋ ਗਈਆਂ ਹੋਣ। ਕੀ ਕਾਰਣ ਹੈ ਕਿ ਇੱਕ ਪਾਸੇ ਅਸੀਂ ਕਹਿੰਦੇ ਹਾਂ ਕਿ ਕੋਈ ਵੀ ਜੀਵ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ। ਕਾਰਣ ਇਹ ਹੈ ਕਿ ਅਸੀਂ ਪਰਮਾਤਮਾ ਦੀ ਰਚਨਾ ਦਾ ਸਾਰਾ ਨਜ਼ਾਰਾ ਇਕੱਠਾ ਇੱਕੋ ਨਜ਼ਰ ਨਾਲ ਨਹੀਂ ਵੇਖ ਸਕਦੇ। ਅਸੀਂ ਸਿਰਫ ਅੱਖਾਂ ਸਾਹਮਣੇ ਆਉਣ ਵਾਲੀਆਂ ਚੀਜ਼ਾਂ ਹੀ ਦੇਖ ਸਕਦੇ ਹਾਂ। ਅਸੀਂ ਸਾਰੇ ਬ੍ਰਹਿਮੰਡ ਨੂੰ ਇਕੋ ਨਜ਼ਰ ਨਾਲ ਨਹੀਂ ਵੇਖ ਸਕਦੇ। ਸਾਨੂੰ ਲੋਕਾਂ ਦੇ ਅਤੇ ਆਪਣੇ ਪਿਛਲੇ ਜਨਮਾਂ ਦਾ ਪਤਾ ਨਹੀਂ ਹੁੰਦਾ।

ਪ੍ਰ.ੳ) ਉਪੱਰ ਦਿੱਤੇ ਪੈਰ੍ਹੇ ਦਾ ਸਿਰਲੇਖ ਕੀ ਹੈ?

ਅ) ਜੀਵਨ ਦੀਆਂ ਸਾਰੀਆਂ ਖਾਹਿਸ਼ਾਂ ਪੂਰੀਆਂ ਕਿਉਂ ਨਹੀਂ ਹੁੰਦੀਆਂ?

ੲ) ਪਰਮਾਤਮਾ ਦਇਆ ਦਾ ਸਾਗਰ ਕਿਵੇਂ ਹੈ?

ਸ) ਅਖੁੱਟ ਭੰਡਾਰ ਦਾ ਕੀ ਅਰਥ ਹੈ?

**ਪ੍ਰ2. ਹੇਠਾਂ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇਕ ਵਿਸ਼ੇ ਤੇ 200 ਸ਼ਬਦਾਂ ਦਾ ਲੇਖ ਲਿਖੋ:** **(10)**

1) ਗੁਰੂ ਗੋਬਿੰਦ ਸਿੰਘ ਜੀ
3) ਸਮੇਂ ਦੀ ਕਦਰ
2) ਦੇਸ਼ ਪਿਆਰ
4) ਮਹਿੰਗਾਈ ਦੀ ਸਮੱਸਿਆ

**ਪ੍ਰ3.** ਤੁਹਾਡੀ ਦੁਕਾਨ ਕਿਰਾਏ ਲਈ ਖਾਲੀ ਹੈ ਇਸ ਸੰਬੰਧੀ ਅਖ਼ਬਾਰ ਵਿੱਚ ਭੇਜਣ ਲਈ 25-40 ਸ਼ਬਦਾਂ ਦਾ ਇਸ਼ਤਿਹਾਰ ਤਿਆਰ ਕਰੋ। **(7)**

**ਜਾਂ**

ਈ.ਮੇਲ ਰਾਹੀਂ ਆਪਣੇ ਮਿੱਤਰ ਨੂੰ ਵਧਾਈ ਭੇਜੋ ਕਿ ਉਹ ਮੈਚ ਜਿੱਤ ਗਿਆ ਹੈ।

**ਪ੍ਰ4.** ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ ਕਿ ਤੁਹਾਡੇ ਇਲਾਕੇ ਵਿੱਚ ਸਫਾਈ ਦਾ ਪ੍ਰਬੰਧ ਨਹੀਂ ਹੈ। **(8)**

**ਪ੍ਰ5. ਹੇਠਾਂ ਲਿਖੇ ਮੁਹਾਵਰਿਆਂ ਵਿੱਚੋਂ ਕੋਈ ਚਾਰ ਮੁਹਾਵਰਿਆਂ ਦੇ ਅਰਥ ਦੱਸ ਕੇ ਨੂੰ ਵਾਕਾਂ ਵਿੱਚ ਵਰਤੋ – (4)**

ਆਈ ਚਲਾਈ ਕਰਨੀ, ਈਨ ਮੰਨਣਾ, ਘੋੜੇ ਵੇਚ ਕੇ ਸੌਣਾ, ਸਾਖੀ ਭਰਨੀ, ਗੁੱਡੀ ਚੜ੍ਹਨੀ

**ਪ੍ਰ6.ੳ) ਹੇਠਾਂ ਲਿਖਿਆਂ ਵਿੱਚੋਂ ਸ਼ਬਦ ਜੋੜ ਵਾਲਾ ਸਹੀ ਸ਼ਬਦ ਚੁਣੋ:** **(3)**

1) ੳ) ਸੇਹਤ ਅ) ਸੀਹਤ ੲ) ਸੈਹਤ ਸ) ਸਿਹਤ

2) ੳ) ਔਖਾਂ ਅ) ਅਉਖਾ ੲ) ਓਖਾ ਸ) ਔਖਾ

**ਅ) ਹੇਠਾਂ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:** **(2)**

ਇਤਹਾਸ, ਬੁੱਡਿਆ, ਸੁਲਜਿਆ, ਅਭਆਸ